King County

# HEARING EXAMINER GUIDE

## FOR-HIRE APPEALS

Punjabi



**David Spohr, Hearing Examiner**
Metropolitan King County Council
hearingexaminer@kingcounty.gov
www.kingcounty.gov/independent/hearing-examiner

King County Courthouse
516 Third Avenue, Rm 1200
Seattle, Washington 98104
(206) 477-0860

# ਸੁਣਵਾਈ ਲਈ ਨਿਰੀਖਕ ਬਾਰੇ ਗਾਈਡ ਹਾਇਰ-ਡ੍ਰਾਈਵਰ ਦੇ ਲਾਇਸੈਂਸ ਨਾਲ ਜੁੜੀਆਂ ਅਪੀਲਾਂ ਲਈ

## ਇਹ ਗਾਈਡ ਕੀ ਹੈ?

ਇਹ ਗਾਈਡ ਹਾਇਰ-ਡ੍ਰਾਈਵਰ ਦੀਆਂ ਅਪੀਲਾਂ ਲਈ ਸੁਣਵਾਈ ਲਈ ਨਿਰੀਖਕ ਸਬੰਧੀ ਕਾਰਵਾਈ ਦਾ ਸਾਰ ਪੇਸ਼ ਕਰਦੀ ਹੈ। ਇਹ ਗਾਈਡ ਗ਼ੈਰ-ਪੇਸ਼ੇਵਰ ਡ੍ਰਾਈਵਰਾਂ ਦੀ ਮਦਦ ਅਤੇ ਉਹਨਾਂ 'ਤੇ ਕੋਈ ਕਾਨੂੰਨੀ ਭਾਰ ਨਾ ਪਾਉਣ ਲਈ ਬਣਾਈ ਗਈ ਹੈ। ਨਿਰੀਖਕ ਸੁਆਲਾਂ ਲਈ ਕਹਿੰਦਾ ਹੈ।

## ਨਿਰੀਖਕ ਕੌਣ ਹੁੰਦਾ ਹੈ?

ਕਿੰਗ ਕਾਉਂਟੀ, ਗ਼ੈਰ-ਪੇਸ਼ੇਵਰ ਡ੍ਰਾਈਵਰਾਂ ਬਾਰੇ ਕਿੰਗ ਕਾਉਂਟੀ ਦੇ ਰਿਕਾੱਰਡਾਂ ਅਤੇ ਲਾਇਸੈਂਸਿੰਗ ਸੈਕਸ਼ਨ (RALS) ਸਬੰਧੀ ਆਦੇਸ਼ਾਂ ਬਾਰੇ ਸੁਣਵਾਈ ਕਰਨ ਅਤੇ ਫ਼ੈਸਲੇ ਦੇਣ ਲਈ ਨਿਰੀਖਕ ਨਿਯੁਕਤ ਕਰਦੀ ਹੈ। ਜੱਜ ਵਾਂਗ ਹੀ, ਨਿਰੀਖਕ ਵੀ ਨਿਰਪੱਖ ਫ਼ੈਸਲੇ ਕਰਦਾ ਹੈ। ਨਿਰੀਖਕ ਦਾ ਦਫ਼ਤਰ ਕੌਂਸਲ ਲਈ ਕੰਮ ਕਰਦਾ ਹੈ, *ਨਾਕਿ* RALS ਲਈ।

## ਇਸ ਤੱਕ ਕਿਵੇਂ ਪਹੁੰਚ ਕੀਤੀ ਜਾਏ?

TDD ਨੰਬਰ (206) 296-1024 'ਤੇ ਕਾੱਲ ਕਰਕੇ ਸੰਕੇਤ ਭਾਸ਼ਾ ਦਾ ਮੁਫ਼ਤ ਅਨੁਵਾਦ ਮਿਲਦਾ ਹੈ।
ਅੰਗ੍ਰੇਜ਼ੀ ਤੋਂ ਛੁੱਟ ਦੂਜੀ ਭਾਸ਼ਾ ਲਈ ਵੀ ਦੁਭਾਸ਼ੀਏ ਮੁਫ਼ਤ ਉਪਲਬਧ ਹਨ। ਸਫ਼ਰ ਕਰਨ ਦੀ ਬੰਦਿਸ਼ ਵਾਲੇ ਲੋਕ ਟੈਲੀਫੋਨ ਰਾਹੀਂ ਪੇਸ਼ ਹੋਣ ਵਰਗੇ ਬਦਲ ਬਾਰੇ ਗੱਲਬਾਤ ਕਰਨ ਲਈ ਨਿਰੀਖਕ ਨਾਲ ਸੰਪਰਕ ਕਰਨ। ਕਾੱਲ (206) 477-0860 ਜਾਂ ਈਮੇਲ hearingexaminer@kingcounty.gov ਕਰਨੀ। ਕਿਰਪਾ ਕਰਕੇ ਸਮੇਂ ਤੋਂ ਪਹਿਲਾਂ ਕਾਰਵਾਈ ਮੁਕੰਮਲ ਕਰਨ ਲਈ ਬੇਨਤੀ ਕਰੋ।

## ਤੁਸੀਂ ਆਪਣੀ ਅਪੀਲ ਕਿਵੇਂ ਸ਼ੁਰੂ ਕਰਦੇ ਹੋ?

RALS ਆਦੇਸ਼ ਮਿਲਣ ਵਾਲੇ ਲੋਕ, ਕੇਸ ਦੇ ਕਿੰਗ ਕਾਉਂਟੀ ਵਾਲੇ ਹਿੱਸੇ ਵਿੱਚ ਨਿਰੀਖਕ ਦੀ ਸੁਣਵਾਈ ਲਈ ਅਪੀਲ ਕਰ ਸਕਦੇ ਹਨ। ਅਪੀਲ ਕਰਨ ਲਈ ਕੋਈ ਫ਼ੀਸ ਨਹੀਂ ਹੈ, ਪਰ ਹੇਠਾਂ ਦਿੱਤੀਆਂ ਤਿੰਨ ਸ਼ਰਤਾਂ *ਜ਼ਰੂਰ* ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ:

1. **ਸਮੇਂ ਦੀ ਮਿਆਦ।** RALS ਵਲੋਂ ਆਪਣਾ ਫ਼ੈਸਲਾ *ਦਿੱਤੇ ਜਾਣ* ਤੋਂ ਬਾਅਦ ਤੁਹਾਡੀ ਅਪੀਲ ਜਮ੍ਹਾ ਕਰਨ ਦੀ ਆਖ਼ਰੀ ਤਾਰੀਖ਼ 24 ਕੈਲੰਡਰ ਦਿਨ ਹਨ। ਜਦੋਂ RALS ਨਿਜੀ ਤੌਰ 'ਤੇ ਆਦੇਸ਼ ਦੀ ਤਾਮੀਲ ਕਰਦੀ ਹੈ, ਤਾਂ ਸਮਾਂ ਉਸ ਦਿਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਜਦੋਂ RALS ਇਸ ਨੂੰ ਮੇਲ ਰਾਹੀਂ ਭੇਜਦੀ ਹੈ, ਤਾਂ ਜਿਸ ਤਾਰੀਖ਼ ਨੂੰ

RALS ਮੇਲ ਭੇਜਦੀ ਹੈ, ਸਮਾਂ ਉਸ ਦਿਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ, *ਨਾਕਿ* ਅਸਲ ਵਿੱਚ ਜਿਸ ਤਾਰੀਖ਼ ਨੂੰ ਤੁਹਾਨੂੰ ਇਹ ਮਿਲਦੀ ਹੈ।

2. **ਡਿਲੀਵਰੀ।** ਆਖ਼ਰੀ ਤਾਰੀਖ਼ ਤੱਕ ਡਾਕ-ਘਰ ਤੋਂ ਆਪਣੀ ਅਪੀਲ ਦੀ ਸਟੇਟਮੈਂਟ ਲੈਣੀ ਕਾਫ਼ੀ *ਨਹੀਂ* ਹੈ। ਅਸਲ ਵਿੱਚ RALS ਨੂੰ ਤੁਹਾਡੀ ਅਪੀਲ ਆਖ਼ਰੀ ਤਾਰੀਖ਼ (ਅਤੇ ਡਾਕ ਦੀ ਡਿਲੀਵਰੀ ਵਿੱਚ ਅਕਸਰ ਕਈ ਦਿਨ ਲੱਗਦੇ ਹਨ) ਤੱਕ ਜ਼ਰੂਰ *ਮਿਲਣੀ* ਚਾਹੀਦੀ ਹੈ। ਅੰਤਮ ਗੱਲ, ਇਸ ਬਾਰੇ ਅਪੀਲਾਂ ਕਰਨ ਦੀ ਆਗਿਆ ਨਹੀਂ ਹੈ – ਕੋਈ ਛੋਟ ਨਹੀਂ ਹੈ। ਇਹ ਗੱਲ ਠੀਕ ਨਹੀਂ ਲੱਗ ਸਕਦੀ, ਪਰ ਇਹ ਕਾਨੂੰਨ ਹੈ। ਤੁਸੀਂ ਹੇਠਾਂ ਦਿੱਤੇ ਪਤੇ 'ਤੇ ਆਪਣੀ ਅਪੀਲ ਇਸ ਤਰ੍ਹਾਂ ਜਮ੍ਹਾ ਕਰਾ ਸਕਦੇ ਹੋ:
   - ਡਾਕ ਜਾਂ ਨਿਜੀ ਤੌਰ 'ਤੇ (ਦਫ਼ਤਰ https://kingcounty.gov/depts/records-licensing.aspx ਦੇ ਸਮੇਂ ਪਤਾ ਲਾਓ) 201 S. Jackson Street, Suite 202, Seattle, WA, 98104 ਵਿਖੇ ਆਕੇ;
   - ਇੱਥੇ ਈਮੇਲ ਕਰੋ KCFHInspector@kingcounty.gov (ਮੇਲ ਦੀ ਪੁਸ਼ਟੀ ਲਈ RALS ਨੂੰ ਪੁੱਛੋ); ਜਾਂ
   - ਇੱਥੇ ਫ਼ੈਕਸ ਕਰੋ (206) 296-4029.

3. **ਵਿਸ਼ਾ।** ਤੁਹਾਡੀ ਅਪੀਲ ਦੀ ਸਟੇਟਮੈਂਟ ਵਿੱਚ ਇਹ ਜ਼ਰੂਰ ਸ਼ਾਮਿਲ ਹੋਣੇ ਚਾਹੀਦੇ ਹਨ:
   a) ਜਾਂ ਤਾਂ ਜਿਸ ਲਈ ਤੁਸੀਂ ਅਪੀਲ ਕਰ ਰਹੇ ਹੋ, ਸਬੰਧੀ RALS ਦੇ ਫ਼ੈਸਲੇ (ਫ਼ੈਸਲਿਆਂ) ਦੀ ਕਾੱਪੀ ਜਾਂ RALS ਦਾ/ਦੇ ਫ਼ਾਈਲ ਨੰਬਰ ਅਤੇ ਫ਼ੈਸਲੇ ਦੀ ਤਾਰੀਖ਼ (ਤਾਰੀਖ਼ਾਂ);
   b) ਕੇਸ ਵਿੱਚ ਤੁਹਾਡੀ ਦਿਲਚਸਪੀ ਦਾ ਬਿਓਰਾ (ਉਦਾਹਰਣ ਲਈ, ਤੁਹਾਨੂੰ ਲਾਇਸੈਂਸ ਚਾਹੀਦਾ ਹੈ);
   c) ਗ਼ਲਤੀ (ਗ਼ਲਤੀਆਂ), ਤੁਹਾਨੂੰ ਲੱਗਦਾ ਹੈ ਕਿ RALS ਨੇ ਆਪਣੇ ਫ਼ੈਸਲੇ ਵਿੱਚ ਕੀਤੀਆਂ ਹਨ ("ਉਹ ਉਲੰਘਣਾ ਖ਼ਾਰਜ ਕਰ ਦਿੱਤੀ ਗਈ ਸੀ" ਜਾਂ "ਮੈਂ ਛੋਟੇ ਜੁਰਮ ਨੂੰ ਕਬੂਲ ਨਹੀਂ ਕਰਦਾ" ਜਾਂ "____________________________ ਵਾਪਰਿਆ ਸੀ, ਪਰ__________," ਆਦਿ);
   d) ਵਿਸ਼ੇਸ਼ ਕਾਰਣ, ਤੁਹਾਨੂੰ ਕਿਉਂ ਲੱਗਦਾ ਹੈ ਕਿ RALS ਨੂੰ ਫ਼ੈਸਲਾ (ਫ਼ੈਸਲੇ) ਵਾਪਸ ਲੈਣੇ ਚਾਹੀਦੇ ਹਨ ("______________________________________________ ਜਿਸ ਕਰਕੇ ਮੇਰਾ ਲਾਇਸੈਂਸ ਨਹੀਂ ਖੁੰਝਣਾ ਚਾਹੀਦਾ, " ਆਦਿ) ਜਾਂ ਸੋਧਿਆ ਗਿਆ ("ਜ਼ੁਰਮਾਨਾ ਬਹੁਤ ਜ਼ਿਆਦਾ ਹੈ," ਆਦਿ);
   e) RALS ਦਾ ਫ਼ੈਸਲਾ (ਫ਼ੈਸਲੇ) ਕਿਵੇਂ ਨੁਕਸਾਨ ਪਹੁੰਚਾਉਂਦਾ ਹੈ ਜਾਂ ਨੁਕਸਾਨ ਪਹੁੰਚਾਏਗਾ ("ਬਿਨਾ ਲਾਇਸੈਂਸ ਦੇ।___________________________"); ਅਤੇ
   f) ਤੁਸੀਂ ਕੀ ਨਤੀਜਾ (ਨਤੀਜੇ) ਚਾਹੁੰਦੇ ਹੋ ("ਰੱਦ ਕਰਨ ਨੂੰ ਵਾਪਸ ਲੈਣਾ" ਜਾਂ "ਜੁਰਮਾਨਾ ਘਟਾਉਣਾ" ਆਦਿ)।

ਹਾਲਾਂਕਿ ਤੁਹਾਡੀ ਅਪੀਲ ਵਿੱਚ ਸਾਰੇ ਸਬੂਤ ਸ਼ਾਮਿਲ ਨਹੀਂ ਹਨ (ਜਿਵੇਂ ਦਸਤਾਵੇਜ਼), ਜਿਸ ਨੂੰ ਤੁਸੀਂ ਆਪਣੀ ਅਪੀਲ ਦੀ ਹਿਮਾਇਤ ਵਿੱਚ ਜਮ੍ਹਾ ਕਰਨਾ ਚਾਹੁੰਦੇ ਹੋ, ਇਸ ਵਿੱਚ ਉਹ ਸਾਰੇ ਮਾਮਲੇ ਜਾਂ ਮੁੱਦੇ ਸ਼ਾਮਿਲ ਹੋਣੇ ਚਾਹੀਦੇ ਹਨ, ਜੋ ਤੁਸੀਂ ਚੁੱਕਣਾ ਚਾਹੁੰਦੇ ਹੋ — ਵੇਖੋ (c) ਅਤੇ (d) ਉੱਪਰ। ਜੇ ਤੁਹਾਨੂੰ ਵਾਕਈ ਭਰੋਸਾ ਨਹੀਂ ਹੈ ਕਿ ਕੀ ਕਹਿਣਾ ਹੈ, ਤਾਂ ਯਕੀਨੀ ਬਣਾਓ ਕਿ ਤੁਸੀਂ ਫਿਰ ਵੀ *ਇੱਕ* ਅਪੀਲ ਦਿਓ, ਭਾਵੇਂ ਆਖ਼ਰੀ ਤਾਰੀਖ਼ ਤੱਕ RALS ਨੂੰ ਡਿਲੀਵਰ ਕੀਤੇ ਜਾਣ ਸਮੇਂ ਇਹ

ਪੂਰੀ ਤਰ੍ਹਾਂ ਸਹੀ ਨਹੀਂ ਹੈ।

ਜੇ ਤੁਸੀਂ ਸਮੇਂ-ਸਿਰ ਆਪਣੀ ਸ਼ੁਰੂਆਤੀ ਅਪੀਲ RALS ਨੂੰ ਦਿੰਦੇ ਹੋ, ਤਾਂ ਸੁਣਵਾਈ ਤੋਂ ਪਹਿਲਾਂ, ਤੁਹਾਡੇ ਵਲੋਂ ਮੂਲ ਰੂਪ ਵਿੱਚ ਚੁੱਕੇ ਗਏ ਮੁੱਦਿਆਂ ਵਿੱਚ ਤਰਮੀਮ ਕਰਨ ਜਾਂ ਸ਼ਾਮਿਲ ਕਰਨ ਲਈ ਤੁਹਾਨੂੰ ਬਾਅਦ ਵਿੱਚ ਆਗਿਆ ਦੇਣ ਦਾ ਅਖ਼ਤਿਆਰ ਨਿਰੀਖਕ ਕੋਲ ਹੁੰਦਾ ਹੈ। ਪਰ, ਜੇ RALS ਕੋਲ ਤੁਹਾਡੀ ਮੂਲ ਅਪੀਲ ਦੀ ਸਟੇਟਮੈਂਟ ਸਮੇਂ-ਸਿਰ ਨਹੀਂ ਪਹੁੰਚਦੀ, ਤਾਂ ਨਿਰੀਖਕ ਨੂੰ ਅਪੀਲ ਦੀ ਸੁਣਵਾਈ ਕਰਨ ਦਾ ਅਖ਼ਤਿਆਰ *ਨਹੀਂ* ਹੈ। **ਤੁਸੀਂ ਜੋ ਕੁਝ ਵੀ ਕਰੋ, ਯਕੀਨੀ ਬਣਾਓ ਕਿ RALS ਨੂੰ ਤੁਹਾਡੀ ਅਪੀਲ ਆਖ਼ਰੀ ਤਾਰੀਖ਼ ਤੱਕ ਮਿਲ ਜਾਏ!**

ਸਮੇਂ-ਸਿਰ ਅਪੀਲ ਦਾਇਰ ਕਰਨ ਨਾਲ ਸੁਣਵਾਈ 'ਤੇ ਪਹੁੰਚੇ ਬਿਨਾ ਵੀ, ਤੁਹਾਡਾ ਕੇਸ ਹੱਲ ਕੀਤੇ ਜਾਣ ਤੋਂ ਤੁਹਾਨੂੰ ਨਹੀਂ ਰੋਕਿਆ ਜਾ ਸਕਦਾ। ਇਹ RALS ਦੇ ਫ਼ੈਸਲੇ 'ਤੇ ਇਤਰਾਜ਼ ਦੇ ਤੁਹਾਡੇ ਹੱਕ ਨੂੰ ਬਚਾਉਂਦਾ ਹੈ। ਨਹੀਂ ਤਾਂ RALS ਦਾ ਫ਼ੈਸਲਾ ਆਖ਼ਰੀ ਹੁੰਦਾ ਹੈ ਅਤੇ ਆਖ਼ਰੀ ਤਾਰੀਖ਼ ਖ਼ਤਮ ਹੁੰਦਿਆਂ ਸਾਰ ਹੀ ਇਸ ਨੂੰ ਵੰਗਾਰਿਆ ਨਹੀਂ ਜਾ ਸਕਦਾ।

## ਜੇ RALS, ਕਾਉਂਟੀ ਅਤੇ ਸੀਏਟਲ ਲਾਇਸੈਂਸ *ਦੋਹਾਂ* ਨੂੰ ਖ਼ਾਰਜ ਕਰਦਾ ਹੈ, ਤਾਂ ਕੀ ਹੁੰਦਾ ਹੈ?

ਤੁਹਾਡੀ *ਕਾਉਂਟੀ* ਦੇ ਲਾਇਸੈਂਸ ਬਾਰੇ RALS ਦੇ ਫ਼ੈਸਲੇ ਦੇ ਹਿੱਸੇ ਵਜੋਂ ਨਿਰੀਖਕ ਦਾ ਸਿਰਫ਼ ਆਪਣਾ ਅਧਿਕਾਰ-ਖੇਤਰ ਹੈ। ਜੇ ਤੁਸੀਂ ਸੀਏਟਲ ਵਿੱਚ ਮੁਸਾਫ਼ਰ ਲੈਣ ਲਈ ਲਾਇਸੈਂਸ ਖ਼ਾਰਜ ਕੀਤੇ ਜਾਣ ਲਈ ਇਤਰਾਜ਼ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ *ਸੀਏਟਲ* ਵਿੱਚ ਅਪੀਲ ਕਰਨੀ ਪੈਣੀ ਹੈ। RALS ਦੇ ਫ਼ੈਸਲੇ ਦੇ ਆਖ਼ਰੀ ਪੰਨੇ 'ਤੇ ਉਹ ਵੇਰਵੇ ਦਿੱਤੇ ਗਏ ਹਨ। ਚੌਕਸ ਰਹੋ ਕਿ ਕਾਉਂਟੀ ਦੀ (24 ਦਿਨ) ਮਿਆਦ ਨਾਲੋਂ ਸੀਏਟਲ ਵਿੱਚ ਅਪੀਲ ਕਰਨ ਦੇ ਦਿਨ ਬਹੁਤ ਹੀ ਘੱਟ (10 ਦਿਨ) ਹਨ।

## ਹਾਲਾਂਕਿ ਮੇਰੀ ਅਪੀਲ 'ਤੇ ਕਾਰਵਾਈ ਹੋ ਰਹੀ ਹੈ, ਪਰ ਕੀ ਮੈਂ ਅਜੇ ਵੀ ਗੱਡੀ ਚਲਾ ਸਕਦਾ ਹਾਂ?

ਜੇ ਤੁਸੀਂ ਹਾਇਰ ਪਰਮਿਟ/ਲਾਇਸੈਂਸ ਲਈ ਨਵੇਂ ਬਿਨੈਕਾਰ ਹੋ ਜਾਂ ਤੁਸੀਂ ਸੇਵਾ ਵਿੱਚ ਇੱਕ ਸਾਲ ਤੋਂ ਵੱਧ ਸਮੇਂ ਦੀ ਛੁੱਟੀ ਵਾਲੇ ਪਿਛਲੇ ਪਰਮਿਟਸ਼ੁਦਾ/ਲਾਇਸੈਂਸਸ਼ੁਦਾ ਡ੍ਰਾਈਵਰ ਹੋ, ਤਾਂ ਨਿਰੀਖਕ ਵਲੋਂ ਤੁਹਾਡੇ ਕੇਸ ਦਾ ਫ਼ੈਸਲਾ ਕੀਤੇ ਜਾਣ ਤੱਕ ਤੁਸੀਂ ਮੁਸਾਫ਼ਰ ਨਹੀਂ ਲੈ ਸਕਦੇ।

ਜੇ ਤੁਸੀਂ ਮੌਜੂਦਾ ਪਰਮਿਟ/ਲਾਇਸੈਂਸ-ਧਾਰਕ ਹੋ ਅਤੇ RALS ਨੇ ਤੁਹਾਡੀ ਨਵੀਨੀਕਰਣ ਦੀ ਅਰਜ਼ੀ ਖ਼ਾਰਜ ਕਰ ਦਿੱਤੀ ਹੈ ਜਾਂ ਡ੍ਰਾਈਵਿੰਗ ਦੇ ਤੁਹਾਡੇ ਵਿਸ਼ੇਸ਼-ਅਧਿਕਾਰ ਰੱਦ ਕਰ ਦਿੱਤੇ ਹਨ/ਵਾਪਸ ਲੈ ਲਏ ਹਨ, ਤਾਂ ਨਿਰੀਖਕ ਵਲੋਂ ਤੁਹਾਡੀ ਅਪੀਲ ਦਾ ਫ਼ੈਸਲਾ ਕਰਨ ਵੇਲੇ, ਤੁਸੀਂ ਮੁਸਾਫ਼ਰ ਲੈਣਾ ਜਾਰੀ ਰੱਖ ਸਕਦੇ ਹੋ। ਨਿਰੀਖਕ ਵਲੋਂ ਫ਼ੈਸਲਾ ਕਰਨ ਤੋਂ ਪਹਿਲਾਂ, ਜੇ ਤੁਹਾਡੇ ਮੌਜੂਦਾ (ਇਸ ਵਿੱਚ ਆਰਜ਼ੀ ਸ਼ਾਮਿਲ ਹੈ) ਪਰਮਿਟ/ਲਾਇਸੈਂਸ ਦੀ ਮਿਆਦ ਖ਼ਤਮ ਹੋ ਜਾਂਦੀ ਹੈ, ਤਾਂ ਤੁਹਾਨੂੰ RALS ਤੋਂ ਨਵਾਂ (ਜਾਂ ਵਧਾਇਆ ਗਿਆ) ਆਰਜ਼ੀ ਪਰਮਿਟ/ਲਾਇਸੈਂਸ ਜ਼ਰੂਰ ਲੈਣਾ ਚਾਹੀਦਾ ਹੈ।

## ਕੀ ਸਾਲਸੀ ਦੀ ਸੰਭਾਵਨਾ ਹੈ?

ਸਾਲਸੀ ਮਿਲ ਸਕਦੀ ਹੈ। ਪਹਿਲਾਂ ਨਿਰੀਖਕ ਦੇ ਨੇਮ V (ਲਿੰਕ ਅਖ਼ੀਰ ਵਿੱਚ ਦਿੱਤਾ ਗਿਆ ਹੈ) ਦੀ ਜਾਂਚ ਕਰਨਾ। ਸਾਲਸੀ ਸ਼ੁਰੂ ਕਰਨ ਲਈ, ਸਮੇਂ ਤੋਂ ਪਹਿਲਾਂ ਕਾਰਵਾਈ ਲਈ ਲਿਖਤੀ ਬੇਨਤੀ ਕਰਨਾ।

## ਸੁਣਵਾਈ ਤੋਂ ਪਹਿਲਾਂ ਤੁਸੀਂ ਕੀ ਉਮੀਦ ਕਰ ਸਕਦੇ ਹੋ?

ਨਿਰੀਖਕ ਸੁਣਵਾਈ ਤੋਂ ਘੱਟੋ-ਘੱਟ ਦੋ ਹਫ਼ਤੇ ਪਹਿਲਾਂ ਇੱਕ ਨੋਟਿਸ ਭੇਜੇਗਾ। ਨੋਟਿਸ ਨੂੰ ਗਹੁ ਨਾਲ ਪੜ੍ਹੋ। ਇਹ ਸੁਣਵਾਈ ਦਾ ਦਿਨ, ਸਮਾਂ ਅਤੇ ਰੂਪ (ਟੈਲੀਫੋਨ, ਵੀਡੀਓ, ਖ਼ੁਦ ਆਉਣਾ, ਆਦਿ) ਤੈਅ ਕਰਦਾ ਹੈ। ਇਸ ਵਿੱਚ ਅਕਸਰ ਸੰਭਵ ਹੱਲ ਬਾਰੇ ਸੁਣਵਾਈ ਅਤੇ ਵਿਚਾਰਾਂ ਲਈ ਮੁੱਦਿਆਂ ਦੀ ਸ਼ੁਰੂਆਤੀ ਵਿਆਖਿਆ ਸ਼ਾਮਿਲ ਹੁੰਦੀ ਹੈ। ਇਹ, ਤੁਹਾਡੀ ਅਪੀਲ ਦੀ ਸਟੇਟਮੈਂਟ ਵਿੱਚ ਤੁਹਾਡੇ ਵਲੋਂ ਚੁੱਕੇ ਗਏ ਮੁੱਦਿਆਂ ਵਿੱਚ ਤਰਮੀਮ ਕਰਨ (ਉੱਪਰ ਦੱਸੇ ਗਏ ਅਨੁਸਾਰ) ਅਤੇ ਸੁਣਵਾਈ ਤੋਂ *ਪਹਿਲਾਂ* ਲੋੜੀਂਦੀ ਕੋਈ ਵੀ ਜਾਣਕਾਰੀ ਭੇਜਣ ਲਈ ਆਖ਼ਰੀ ਤਾਰੀਖ਼ਾਂ ਤੈਅ ਕਰਦਾ ਹੈ।

RALS ਸੁਣਵਾਈ ਤੋਂ ਦੋ ਹਫ਼ਤੇ ਪਹਿਲਾਂ ਧਿਰਾਂ, ਇੱਛੁੱਕ ਵਿਅਕਤੀਆਂ ਅਤੇ ਨਿਰੀਖਕ ਨੂੰ ਇੱਕ ਰਿਪੋਰਟ ਸੌਂਪਦਾ ਹੈ, ਜਿਸ ਵਿੱਚ ਸੁਣਵਾਈ ਵਿੱਚ ਪੇਸ਼ ਕੀਤੇ ਜਾਣ ਲਈ ਤੈਅ ਮੁੱਦਿਆਂ ਅਤੇ RALS ਵਲੋਂ ਉਪਲਬਧ ਕਰਾਏ ਜਾਣ ਵਾਲੇ ਬਹੁਤੇ ਜਾਂ ਸਾਰੇ ਦਸਤਾਵੇਜ਼ਾਂ ਦਾ ਸਾਰ ਹੁੰਦਾ ਹੈ। ਇਹਨਾਂ ਨੂੰ ਗਹੁ ਨਾਲ ਪੜ੍ਹੋ।

ਕੇਸ ਬਾਰੇ RALS ਦੀਆਂ ਫ਼ਾਈਲਾਂ ਪਬਲਿਕ ਰਿਕਾੱਰਡ ਹਨ; ਸੁਣਵਾਈ ਤੋਂ ਪਹਿਲਾਂ ਸਮੁੱਚੀ ਫ਼ਾਈਲ ਦਾ ਜਾਇਜ਼ਾ ਲੈਣ ਵਾਲਾ ਕੋਈ ਵੀ ਵਿਅਕਤੀ (ਨੂੰ ਈਮੇਲ ਕਰਕੇ pd.requests@kingcounty.gov ਜਾਂ ਕਾੱਲ ਕਰਕੇ RALS ਨਾਲ ਇਸ ਦਾ ਪ੍ਰਬੰਧ ਕਰ ਸਕਦਾ ਹੈ (206) 263-1977). ਇਸਦੇ ਨਾਲ ਹੀ ਨਿਰੀਖਕ ਦੇ ਦਸਤਾਵੇਜ਼ਾਂ ਲਈ ਕੋਈ ਵੀ ਵਿਅਕਤੀ ਬੇਨਤੀ ਕਰ ਸਕਦਾ ਹੈ; ਨਿਰੀਖਕ ਦੇ ਰਿਕਾੱਰਡ ਆਮ ਕਰਕੇ ਇਲੈਕਟ੍ਰਾੱਨਿਕਲੀ, ਆਮ ਤੌਰ 'ਤੇ ਬਿਲਕੁਲ ਮੁਫ਼ਤ ਮਿਲਦੇ ਹਨ।

## ਅਪੀਲ ਦੀ ਕਾਰਵਾਈ ਵਿੱਚ ਕੌਣ ਹਿੱਸਾ ਲੈ ਸਕਦਾ ਹੈ?

ਆਮ ਤੌਰ 'ਤੇ, ਸਿਰਫ਼ RALS ਅਤੇ ਜਿਸ ਸ਼ਖ਼ਸ ਨੇ ਅਪੀਲ ਦਾਇਰ ਕੀਤੀ ਹੈ, ਕਾੱਨਫ਼ਰੰਸ ਜਾਂ ਸੁਣਵਾਈ ਦਾ ਪ੍ਰੋਗਰਾਮ ਬਣਾਉਣ (ਮੁੜ-ਪ੍ਰੋਗਰਾਮ ਬਣਾਉਣ), ਆਖ਼ਰੀ ਤਾਰੀਖ਼ਾਂ ਮਿੱਥਣ, ਮਤੇ ਬਣਾਉਣ ਜਾਂ ਜਵਾਬ ਦੇਣ, ਅਤੇ ਕਿਹੜੇ ਸਬੂਤ ਪੇਸ਼ ਕਰਨੇ ਹਨ, ਬਾਰੇ ਫ਼ੈਸਲਾ ਕਰਨ ਕਿ ਗੁਆਹਾਂ ਨੂੰ ਬੁਲਾਉਣ ਅਤੇ ਸੁਣਵਾਈ 'ਤੇ ਪੁੱਛੇ ਜਾਣ ਵਾਲੇ ਸੁਆਲਾਂ ਵਰਗੇ ਮਾਮਲਿਆਂ ਵਿੱਚ ਸ਼ਾਮਿਲ ਹੁੰਦਾ ਹੈ।

ਕੇਸ ਵਿੱਚ ਦਿਲਚਸਪੀ ਲੈਣ ਵਾਲੇ ਹੋਰ ਲੋਕ ਧਿਰ ਬਣਨ ਲਈ "ਮੁਕੱਦਮੇ ਵਿੱਚ ਸ਼ਾਮਿਲ ਹੋਣ" (ਇੰਟਰਵੀਨਰ) ਦੇ ਦਰਜੇ ਲਈ ਬੇਨਤੀ ਕਰ ਸਕਦੇ ਹਨ। ਇਹ ਬੇਨਤੀ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਨਿਰੀਖਕ ਨੇਮ X.B (ਲਿੰਕ ਅਖ਼ੀਰ ਵਿੱਚ ਦਿੱਤਾ ਗਿਆ ਹੈ) ਦਾ ਜਾਇਜ਼ਾ ਲਓ। ਇੰਟਰਵੀਨਰ ਦੀ ਬੇਨਤੀ ਨੂੰ ਆਪਣੇ ਆਪ ਪ੍ਰਵਾਣ ਨਹੀਂ ਮਿਲਦੀ, ਬਲਕਿ ਕੁਝ ਵਿਸ਼ੇਸ਼ ਕਸੌਟੀਆਂ ਦਾ ਜਾਇਜ਼ਾ ਲਿਆ ਜਾਂਦਾ ਹੈ।

## ਆਮ ਤੌਰ 'ਤੇ ਅਪੀਲ ਦੀ ਸੁਣਵਾਈ 'ਤੇ ਕੀ ਹੁੰਦਾ ਹੈ?

### *ਸੁਣਵਾਈ ਦਾ ਸਮਾਂ ਅਤੇ ਰੂਪ ਕੀ ਹੈ?*

ਨਿਰੀਖਕ ਵਲੋਂ ਭੇਜਿਆ ਗਿਆ ਨੋਟਿਸ ਸੁਣਵਾਈ ਲਈ ਦਿਨ, ਸਮਾਂ ਅਤੇ ਰੂਪ (ਟੈਲੀਫੋਨ, ਵੀਡੀਓ, ਖ਼ੁਦ ਆਕੇ, ਆਦਿ) ਤੈਅ ਕਰੇਗਾ; ਉਸ ਨੂੰ ਗਹੁ ਨਾਲ ਪੜ੍ਹੋ। ਸੁਣਵਾਈ ਦੇ ਰੂਪ ਨੂੰ ਧਿਆਨ ਵਿੱਚ ਰੱਖੇ ਬਿਨਾ, ਸਮੇਂ-ਸਿਰ ਪਹੁੰਚੋ ਜਾਂ ਤੁਸੀਂ ਆਪਣੇ ਹੱਕ ਖੁੰਝਾ ਸਕਦੇ ਹੋ। ਅਕਸਰ ਬਹੁਤਾ ਕਰਕੇ, ਪਹਿਲਾਂ ਤੋਂ ਚੱਲ ਰਹੀ ਸੁਣਵਾਈ ਅੱਗੇ ਚੱਲ ਸਕਦੀ ਹੈ ਅਤੇ ਅਗਲੀ ਸੁਣਵਾਈ ਸ਼ੁਰੂ ਹੋਣ ਵਿੱਚ ਦੇਰ ਹੋ ਜਾਂਦੀ ਹੈ; ਜੇ ਇੰਜ ਹੁੰਦਾ ਹੈ, ਤਾਂ ਕਿਰਪਾ ਕਰਕੇ ਧੀਰਜ ਰੱਖੋ।

### *ਆਮ ਮੁੱਦੇ ਕਿਹੜੇ ਹਨ?*

ਹਾਲਾਂਕਿ, ਆਮ ਕਰਕੇ ਹਰ ਕੇਸ ਵੱਖਰਾ ਹੁੰਦਾ ਹੈ, ਪਰ ਕੁਝ ਗੱਲਾਂ (ਜਿਵੇਂ ਆਪਣੀ ਅਰਜ਼ੀ 'ਤੇ ਜ਼ਰੂਰੀ ਜਾਣਕਾਰੀ ਜਾਂ ਸ਼ਰਾਬ ਦੇ ਨਸ਼ੇ ਹੇਠ ਗੱਡੀ ਚਲਾਉਣ ਬਾਰੇ ਸਜ਼ਾ ਮਿਟਾਉਣ) ਦੀ *ਲਾਜ਼ਮੀ* ਤੌਰ 'ਤੇ ਮਨਾਹੀ ਹੈ। ਮਨਾਹੀ ਦੇ ਨਤੀਜੇ ਵਜੋਂ

ਹੋਰ ਗੱਲਾਂ (ਹਮਲਾ ਕਰਨ ਦੀ ਸਜ਼ਾ ਜਾਂ ਗੱਡੀ ਚਲਾਉਣ ਦੀਆਂ ਕਈ ਘੱਟ ਉਲੰਘਣਾਵਾਂ ਹੋ ਸਕਦੀਆਂ ਹਨ ਜਾਂ ਨਹੀਂ ਹੋ ਸਕਦੀਆਂ।

## *ਕੀ ਮੈਂ ਪਿਛਲੀ ਸਜ਼ਾ ਜਾਂ ਉਲੰਘਣਾ ਨੂੰ ਵੰਗਾਰ ਸਕਦਾ ਹਾਂ?*

ਨਹੀਂ। ਨਿਰੀਖਕ ਇਸ ਗੱਲ ਬਾਰੇ ਮੁੜ-ਵਿਚਾਰ ਨਹੀਂ ਕਰ ਸਕਦਾ ਕਿ ਪੁਲਿਸ, ਇਸਤਗਾਸਾ, ਮੁਦਾਲਾ ਜਾਂ ਅਦਾਲਤ ਨੂੰ ਪਿਛਲੇ ਕੇਸ ਵਿੱਚ ਕੀ ਕਰਨਾ ਚਾਹੀਦਾ ਸੀ। ਤੁਸੀਂ ਸਜ਼ਾ ਜਾਂ ਉਲੰਘਣਾ ਲਈ, ਜਿੱਥੇ ਤੁਹਾਡੇ ਕੋਲ ਪੁਖ਼ਤਾ ਰਿਕਾੱਰਡ ਹਨ, ਦੇ *ਸੰਦਰਭ* ਬਾਰੇ *ਦੱਸ ਸਕਦੇ* ਹੋ ਜਾਂ ਮੁਹੱਈਆ ਕਰਾ ਸਕਦੇ ਹੋ, ਨਹੀਂ ਤਾਂ ਤੁਸੀਂ ਦਲੀਲ ਨਹੀਂ ਦੇ ਸਕਦੇ ਕਿ ਤੁਸੀਂ ਜੁਰਮ ਜਾਂ ਉਲੰਘਣਾ ਕੀਤੀ ਸੀ। ਇਸਦੀ ਥਾਂ ਨਿਰੀਖਕ ਤੁਹਾਡੀ ਅਪੀਲ ਪ੍ਰਵਾਣ ਕਰਨ ਲਈ, ਤੁਹਾਡੇ *ਵਲੋਂ ਦਿੱਤੇ ਗਏ* ਕੋਈ ਵੀ ਰਿਕਾੱਰਡ ਅਤੇ ਕਿਸੇ ਵੀ ਨਵੀਂ ਜਾਣਕਾਰੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਕੋਈ ਫ਼ੈਸਲਾ ਕਰਦਾ ਹੈ ਜਾਂ ਨਹੀਂ।

## *ਸੁਣਵਾਈ ਕਿਵੇਂ ਹੋਏਗੀ?*

1. ਕਿਉਂਕਿ RALS ਤੁਹਾਡੇ ਵਲੋਂ ਅਪੀਲ ਵਿੱਚ ਚੁੱਕੇ ਗਏ ਕਿਸੇ ਵੀ ਮੁੱਦਿਆਂ ਜਾਂ ਮਸਲਿਆਂ ਸਬੰਧੀ ਸਬੂਤ ਨੂੰ ਧਿਆਨ ਵਿੱਚ ਰੱਖਦਾ ਹੈ, ਇਸ ਲਈ RALS ਨੂੰ ਪਹਿਲਾਂ ਜਾਣਾ ਚਾਹੀਦਾ ਹੈ। RALS ਗੁਆਹੀ ਪੇਸ਼ ਕਰਦਾ ਹੈ ਅਤੇ ਆਮ ਤੌਰ 'ਤੇ ਆਪਣੇ ਉਹੀ ਦਸਤਾਵੇਜ਼ ਦਿੰਦਾ ਹੈ, ਜੋ RALS ਨੇ ਸੁਣਵਾਈ ਤੋਂ ਦੋ ਹਫ਼ਤੇ ਪਹਿਲਾਂ ਭੇਜੇ ਸੀ। ਹਾਲਾਂਕਿ, ਅਦਾਲਤਾਂ ਦੇ ਮੁਕਾਬਲੇ ਨਿਰੀਖਕ ਦਾ ਸਬੂਤ ਪ੍ਰਵਾਣ ਕਰਨ ਦਾ ਅਖ਼ਤਿਆਰ ਸੀਮਤ ਹੁੰਦਾ ਹੈ, ਪਰ ਤੁਸੀਂ ਕਿਸੇ ਵੀ ਦਸਤਾਵੇਜ਼ਾਂ ਲਈ ਵਿਸ਼ੇਸ਼ ਇਤਰਾਜ਼ ਪੇਸ਼ ਕਰ ਸਕਦੇ ਹੋ। ਤੁਸੀਂ ਕਿਸੇ ਵੀ ਗੁਆਹ ਤੋਂ ਸੁਆਲ ਪੁੱਛ ਸਕਦੇ ਹੋ।
2. ਇਸ ਤੋਂ ਬਾਅਦ, ਫਿਰ ਗੁਆਹੀ ਅਤੇ ਕੋਈ ਵੀ ਦਸਤਾਵੇਜ਼ ਪੇਸ਼ ਕਰਨ ਦੀ ਵਾਰੀ ਤੁਹਾਡੀ ਹੁੰਦੀ ਹੈ; RALS ਇਤਰਾਜ਼ ਕਰ ਸਕਦਾ ਹੈ ਅਤੇ ਤੁਹਾਡੇ ਤੋਂ ਸੁਆਲ ਪੁੱਛ ਸਕਦਾ ਹੈ। RALS ਤੁਹਾਡੇ ਵਲੋਂ ਪੇਸ਼ ਕੀਤੇ ਗਏ ਕਿਸੇ ਗੁਆਹ ਤੋਂ ਵੀ ਸੁਆਲ ਪੁੱਛ ਸਕਦਾ ਹੈ।
3. ਸੁਣਵਾਈ ਵਿੱਚ ਪੇਸ਼ ਹੋਣ ਲਈ, ਕੋਈ ਵੀ ਸ਼ਖ਼ਸ, ਜੋ ਦਸਤਾਵੇਜ਼ ਦੇਣਾ ਚਾਹੁੰਦਾ ਹੈ, ਨੂੰ ਇਸ ਦੀਆਂ ਘੱਟੋ-ਘੱਟ ਤਿੰਨ ਕਾੱਪੀਆਂ ਜ਼ਰੂਰ ਲਿਆਉਣੀਆਂ ਚਾਹੀਦੀਆਂ ਹਨ। (ਕਿਸੇ ਵੀ ਪਹਿਲਾਂ ਸੁਣਵਾਈ ਦੀਆਂ ਆਖ਼ਰੀ ਤਾਰੀਖ਼ਾਂ ਲਈ ਨਿਰੀਖਕ ਦਾ ਲਿਖਤੀ ਨੋਟਿਸ ਵੇਖੋ।)
4. ਦੂਜੀ ਧਿਰ ਨੇ ਕੀ ਪੇਸ਼ ਕੀਤਾ ਹੈ, ਦਾ ਜਵਾਬ ਦੇਣ ਲਈ ਹਰ ਧਿਰ ਕੋਲ ਸਮਾਂ ਹੁੰਦਾ ਹੈ, ਇਸ ਤੋਂ ਬਾਅਦ ਸੰਖੇਪ ਸਮਾਪਤੀ ਸਟੇਟਮੈਂਟਾਂ ਦਿੱਤੀਆਂ ਜਾਂਦੀਆਂ ਹਨ।
5. ਨਿਰੀਖਕ, ਕਿਸੇ ਵੀ ਸਮੇਂ ਸੁਆਲ ਪੁੱਛ ਸਕਦਾ ਹੈ।
6. ਹਰ ਗੁਆਹੀ ਸਹੁੰ ਚੁੱਕਣ ਤੋਂ ਬਾਅਦ ਦਿੱਤੀ ਜਾਣੀ ਚਾਹੀਦੀ ਹੈ, ਜਿਸਦਾ ਮਤਲਬ ਹੈ ਕਿ ਨਿਰੀਖਕ ਹਰ ਗੁਆਹ ਨੂੰ ਸਹੁੰ ਚੁਕਾਉਂਦਾ ਹੈ।

## *ਮੈਂ ਵਧੀਆ ਕੇਸ ਕਿਵੇਂ ਪੇਸ਼ ਕਰ ਸਕਦਾ ਹਾਂ?*

ਨਿਰੀਖਕ ਵਲੋਂ ਭੇਜਿਆ ਗਿਆ ਨੋਟਿਸ ਗਹੁ ਨਾਲ ਪੜ੍ਹੋ। ਅਸਰਦਾਰ ਗੁਆਹੀ ਅਤੇ ਦਲੀਲ ਦੇਣ ਨਾਲ ਅਕਸਰ ਪਤਾ ਚੱਲਦਾ ਹੈ ਕਿ ਇੱਕ ਵਿਸ਼ੇਸ਼ ਕਾਨੂੰਨ ਤੁਹਾਡੇ ਕੇਸ 'ਤੇ ਕਿਵੇਂ ਲਾਗੂ ਹੁੰਦਾ ਹੈ। ਟਿੱਪਣੀਆਂ, ਲਿਖਤੀ ਸਟੇਟਮੈਂਟਾਂ, ਫੋਟੋਆਂ, ਦਸਤਾਵੇਜ਼ੀ ਰਿਕਾੱਰਡ ਅਤੇ ਵਿਜ਼ੁਅਲ ਏਡਸ ਦੇ ਰੂਪ ਵਿੱਚ ਪੇਸ਼ਕਾਰੀਆਂ ਦਿੱਤੀਆਂ ਜਾ ਸਕਦੀਆਂ ਹਨ।

ਸੁਣਵਾਈ ਦੌਰਾਨ ਦਿੱਤੇ ਗਏ ਬਿਆਨ ਸਹੁੰ ਹੇਠ ਹੁੰਦੇ ਹਨ ਅਤੇ ਜਿਰ੍ਹਾ (ਸੁਆਲ ਪੁੱਛਣਾ) ਕੀਤੀ ਜਾ ਸਕਦੀ ਹੈ, ਨੂੰ ਆਮ ਤੌਰ 'ਤੇ ਸਭ ਤੋਂ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ। ਸਥਿਤੀ ਨਾਲ ਨਜਿੱਠਣ ਲਈ ਤੁਹਾਡੇ ਵਲੋਂ ਕੀਤੇ ਗਏ ਕਿਸੇ ਵੀ ਕੰਮ ਨੂੰ ਦੱਸਣ ਲਈ ਤੁਸੀਂ ਦਸਤਾਵੇਜ਼ ਪੇਸ਼ ਕਰ ਸਕਦੇ ਹੋ ਅਤੇ ਗੁਆਹੀ ਦੇ ਸਕਦੇ ਹੋ।

### *ਸੁਣਵਾਈ ਸਬੰਧੀ ਰਿਕਾੱਰਡਾਂ ਬਾਰੇ ਕੀ ਹੁੰਦਾ ਹੈ?*

ਤੁਹਾਡੀ ਸੁਣਵਾਈ ਨੂੰ ਰਿਕਾੱਰਡ ਕੀਤਾ ਜਾਏਗਾ ਅਤੇ ਤੁਸੀਂ ਰਿਕਾੱਰਡਿੰਗ ਅਤੇ ਕਿਸੇ ਵੀ ਦਸਤਾਵੇਜ਼ਾਂ ਦੀ ਕਾੱਪੀ ਲਈ ਬੇਨਤੀ ਕਰ ਸਕਦੇ ਹੋ। ਬੇਨਤੀ ਕੀਤੇ ਗਏ ਡਾਟਾ ਦੀ ਮਾਤਰਾ ਨੂੰ ਵੇਖਦਿਆਂ ਹੋਇਆਂ, ਹਾਲਾਂਕਿ ਨਿਰੀਖਕ ਦਾ ਦਫ਼ਤਰ ਬਹੁਤੇ ਰਿਕਾੱਰਡ ਡਿਜਿਟਲ ਤੌਰ 'ਤੇ ਰੱਖਦਾ ਹੈ, ਪਰ ਕਾੱਪੀ ਕਰਨ ਦੀ ਲਾਗਤ ਲੱਗ ਸਕਦੀ ਹੈ।

## ਸੁਣਵਾਈ ਤੋਂ ਬਾਅਦ ਕੀ ਹੁੰਦਾ ਹੈ?

ਸੁਣਵਾਈ ਬੰਦ ਹੋਣ ਦੇ ਦੱਸ ਕੰਮਕਾਜੀ ਦਿਨਾਂ (ਮਤਲਬ ਹਫ਼ਤੇ ਦੇ ਆਖ਼ਰੀ ਦਿਨ ਅਤੇ ਛੁੱਟੀਆਂ ਸ਼ਾਮਿਲ ਨਹੀਂ ਹੁੰਦੀਆਂ) ਦੇ ਅੰਦਰ, ਨਿਰੀਖਕ ਅੰਤਮ ਫ਼ੈਸਲਾ ਭੇਜਦਾ ਹੈ, ਜਿਸ ਵਿੱਚ ਸੁਣਵਾਈ ਦੇ ਰਿਕਾੱਰਡ ਦੇ ਅਧਾਰ 'ਤੇ ਤੱਥ ਦੇ ਸਿੱਟੇ ਅਤੇ ਉਹਨਾਂ ਸਿੱਟਿਆਂ ਦੀ ਮਦਦ ਨਾਲ ਕੀਤੇ ਗਏ ਫ਼ੈਸਲੇ ਸ਼ਾਮਿਲ ਹੁੰਦੇ ਹਨ। ਇਹ ਅਪੀਲ ਨੂੰ ਪੂਰੀ ਤਰ੍ਹਾਂ ਪ੍ਰਵਾਣ ਕਰ ਸਕਦਾ ਹੈ, ਪੂਰੀ ਤਰ੍ਹਾਂ ਰੱਦ ਕਰ ਸਕਦਾ ਹੈ ਜਾਂ ਅੱਧ ਵਿੱਚ (ਸਥਿਤੀਆਂ ਵਿੱਚ ਸੁਧਾਰ, ਜੁਰਮਾਨੇ ਘਟਾਉਣਾ ਆਦਿ) ਕੁਝ ਕਰ ਸਕਦਾ ਹੈ।

ਨਿਰੀਖਕ ਦੇ ਫ਼ੈਸਲੇ, ਅਪੀਲ ਕਿਵੇਂ ਕਰਨੀ ਹੈ, ਲਈ ਆਮ ਜਾਣਕਾਰੀ ਨਾਲ ਖ਼ਤਮ ਹੁੰਦੇ ਹਨ। ਲਿਖਤੀ ਜਾਣਕਾਰੀ ਤੋਂ ਅਲਾਵਾ, ਨਿਰੀਖਕ ਕੋਈ ਵਾਧੂ ਸੁਝਾਅ ਨਹੀਂ ਦੇ ਸਕਦਾ। ਨਿਰਣਾ ਕਰਨ ਅਤੇ ਅਪੀਲ ਦਾਇਰ ਕਰਨ ਲਈ ਬਿਲਕੁਲ ਅਸਲ ਜ਼ਰੂਰਤਾਂ ਪੂਰੀਆਂ ਕਰਨੀਆਂ ਅਪੀਲ ਕਰਨ ਵਾਲੇ ਦੀ ਜ਼ਿੰਮੇਵਾਰੀ ਹੈ

## ਨਿਰੀਖਕ ਦੇ ਦਫ਼ਤਰ ਨਾਲ ਸੰਚਾਰ ਕਰਨ ਦਾ ਢੁਕਵਾਂ ਤਰੀਕਾ ਕੀ ਹੈ?

ਹਾਲਾਂਕਿ ਤੁਸੀਂ *ਕਾਰਵਾਈ ਸਬੰਧੀ* ਸੁਆਲਾਂ ਨਾਲ ਨਿਰੀਖਕ ਨਾਲ ਸੰਪਰਕ ਕਰ ਸਕਦੇ ਹੋ, ਮਾਮਲੇ ਦੇ *ਸਾਰ* ਸਬੰਧੀ ਕੋਈ ਵੀ ਸੁਆਲ ਜਾਂ ਸਟੇਟਮੈਂਟਾਂ ਕਾਨਫ਼ਰੰਸ ਜਾਂ ਸੁਣਵਾਈ ਵਿੱਚ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਲਿਖਤ ਵਿੱਚ ਅਤੇ। ਨਿਰੀਖਕ ਦਾ ਸਟਾਫ਼ ਚਿੱਠੀ-ਪੱਤਰੀ ਦੀ ਜਾਂਚ ਕਰਦਾ ਹੈ ਅਤੇ ਕਿਸੇ ਵੀ ਧਿਰ ਵਲੋਂ ਨਿਰੀਖਕ ਨੂੰ ਮਨਾਹੀ ਵਾਲੇ ਸੰਪਰਕ ਕਰਨ ਤੋਂ ਰੋਕਣ ਲਈ ਕਾੱਲ ਕਰਦਾ ਹੈ। ਆਮ ਕਰਕੇ ਈਮੇਲਾਂ ਇੱਥੇ hearingexaminer@kingcounty.gov ਅਤੇ ਇਸ ਦੀਆਂ ਕਾੱਪੀਆਂ ਇੱਥੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ KCFHInspector@kingcounty.gov

## ਨਿਰੀਖਕ ਕਿਵੇਂ ਯਕੀਨੀ ਬਣਾਉਂਦਾ ਹੈ ਕਿ ਮੇਰੀ ਸੁਣਵਾਈ ਨਿਰਪੱਖ ਹੈ?

ਨਿਰੀਖਕ, RALS ਦੇ ਅਸਰ ਹੇਠ ਨਹੀਂ ਹੁੰਦੇ ਅਤੇ RALS ਜਾਂ ਕਿਸੇ ਹੋਰ ਏਜੰਸੀ ਦੇ ਕਹਿਣ 'ਤੇ ਫ਼ੈਸਲਾ ਨਹੀਂ ਦਿੰਦੇ। ਨਿਰੀਖਕ ਉਹ ਅਪੀਲਾਂ ਨਹੀਂ ਸੁਣ ਸਕਦੇ, ਜਿੱਥੇ ਉਹਨਾਂ ਦੇ ਮਾਲੀ-ਹਿੱਤ ਹਨ, ਮੁੱਦਿਆਂ ਦਾ ਪਹਿਲਾਂ ਤੋਂ ਹੀ ਅੰਦਾਜ਼ਾ ਲਾਇਆ ਗਿਆ ਹੈ ਜਾਂ ਇੱਕ ਧਿਰ ਨਾਲ ਰਿਸ਼ਤੇ ਕਰਕੇ ਤਰਫ਼ਦਾਰੀ ਕਰ ਸਕਦੇ ਹਨ। ਜੇ ਇੱਕ ਵਿਅਕਤੀ ਨੂੰ ਢੁਕਵੇਂ ਅਧਾਰ 'ਤੇ ਲੱਗਦਾ ਹੈ ਕਿ ਨਿਰੀਖਕ ਰਿਕਾੱਰਡ ਤੋਂ ਬਾਹਰੀ ਕਾਰਣ ਦੇ ਅਸਰ ਹੇਠ ਆ ਸਕਦਾ ਹੈ, ਤਾਂ ਉਸ ਨੂੰ ਉਸ ਚਿੰਤਾ ਬਾਰੇ ਨਿਰੀਖਕ ਨੂੰ ਫ਼ੌਰਨ ਦੱਸਣਾ ਚਾਹੀਦਾ ਹੈ।

## ਆਮ ਤੌਰ 'ਤੇ ਕਿਹੜੇ ਨੇਮ ਅਤੇ ਕਾਨੂੰਨ ਲਾਗੂ ਹਨ?

ਇਸ ਨਾਲ ਅਕਸਰ ਫ਼ੈਸਲਾ ਕਰਨ ਦੀ ਕਾਰਵਾਈ ਨੂੰ ਚਲਾਉਣ ਵਾਲੇ ਮਿਆਰਾਂ ਤੋਂ ਜਾਣੂ ਹੋਣ ਵਿੱਚ ਮਦਦ ਮਿਲਦੀ ਹੈ, ਵਿਸ਼ੇਸ਼ ਤੌਰ 'ਤੇ KCC ਚੈਪਟਰ 20.22 ਅਤੇ 6.64 ਅਤੇ ਨਿਰੀਖਕ ਦੇ ਨੇਮ:

- ਕਿੰਗ ਕਾਉਂਟੀ ਕੋਡ: http://www.kingcounty.gov/council/legislation/kc_code.aspx
- ਨਿਰੀਖਕ ਦੇ ਨੇਮ: http://kingcounty.gov/independent/hearing-examiner/rules.aspx

ਨਿਰੀਖਕਾਂ ਦੇ ਮੂਲ ਫ਼ੈਸਲੇ ਮੁੱਖ ਤੌਰ 'ਤੇ ਕਾਨੂੰਨੀ ਸਿਧਾਂਤਾਂ ਅਤੇ ਅਪੀਲੀ ਅਦਾਲਤ ਦੇ ਫ਼ੈਸਲਿਆਂ ਸਬੰਧੀ ਸ੍ਰੋਤਾਂ ਅਨੁਸਾਰ ਹੁੰਦੇ ਹਨ।

ਨਿਰੀਖਕ ਦੇ ਫ਼ੈਸਲਿਆਂ ਲਈ, ਸਾਲ ਅਨੁਸਾਰ ਵੇਖੋ: https://kingcounty.gov/independent/hearing-examiner/case-digest/appeals/for-hire-enforcement.aspx

ਤੁਸੀਂ ਕਿਸੇ ਵੀ ਸੁਆਲਾਂ ਨਾਲ ਨਿਰੀਖਕ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ।

*Edited July 2023*